# ਸਾਡੇ ਪਿਆਰੇ ਸਾਥੀਓ

**ਜੇ ਕਰ, ਗੁਰਸਿੱਖੀ ਜੀਵਨ ਵਾਲਾ ਘਰ ਦਾ ਮਾਹੌਲ ਚਾਹੀਦਾ ਹੈ, ਅਸੀਂ ਆਦਰਸ਼ (ideal) ਬੱਚੇ ਅਤੇ ਉਮਰ ਭਰ ਮਾਨਸਕ ਅਤੇ ਸਮਾਜਕ ਸੁੱਖ ਮਾਣਨਾ ਚਾਹੁੰਦੇ ਹਾਂ, ਤਲਾਕ ਰੂਪੀ ਰਾਖਸ਼ ਤੋਂ ਬਚਣਾ ਚਾਹੁੰਦੇ ਹਾਂ, depression ਅਤੇ suicide ਤੋਂ ਛੁਟਕਾਰਾ ਭਾਲਦੇ ਹਾਂ, ਤਾਂ ਇਹ ਨੁਕਤੇ ਸਾਡੀ ਮਦਦ (help) ਕਰ ਸਕਦੇ ਹਨ। ਵਰਨਾ ਅਸੀਂ ਸ਼ੁਰੂ ਤੋਂ ਅਖੀਰ ਤੱਕ ਝਗੜੇ-ਅਸ਼ਾਂਤੀ, ਕਚਿਹਰੀਆਂ ਦੇ ਵਿੱਚ ਗਵਾਚੇ ਰਹਾਂਗੇ, ਸਿੱਟੇ ਵਜੋਂ ਨਾ ਆਪਣਾ ਕੁਝ ਸੁਆਰ ਸਕਾਂਗੇ ਅਤੇ ਨਾ ਹੀ ਦੁਨੀਆ ਦਾ ਕੁਝ ਭਲਾ ਕਰ ਸਕਾਂਗੇ। ਇਹ ਨੁਕਤੇ (points) ਗੁਰਮਤ ਨੂੰ ਮੁਖ ਰੱਖ ਕੇ ਲਿਖੇ ਗਏ ਹਨ।**

## ਰਿਸ਼ਤਾ ਜੋੜਨ ਲਈ ਕੁਝ ਨੁਕਤੇ

1. ਆਪਣੀ ਧੀਆਂ ਨੂੰ ਇਤਨੇ ਚੰਗੇ ਗੁਣ ਸਿਖਾਏ ਜਾਣ ਤਾ ਕਿ ਉਹ ਦੂਜਿਆਂ ਲਈ ਚੰਗੀਆਂ ਨੂੰਹਾਂ ਸਾਬਿਤ ਹੋ ਸਕਣ।
2. ਆਪਣੇ ਬੇਟੇ ਇਸ ਕਦਰ ਚੰਗੇ ਗੁਣਾਂ ਦੇ ਧਾਰਨੀ ਬਣਾਏ ਜਾਣ ਤਾ ਕਿ ਉਹ ਘਰ ਆਈ ਭਾਵ ਆਪਣੀ ਪਤਨੀ ਨਾਲ ਕੋਮਲਤਾ ਦਾ ਵਤੀਰਾ ਕਰਨ।
3. ਜੇ ਸਿੱਖ ਘਰ ਵਿਚ ਜਨਮ ਹੋਇਆ ਹੈ ਤਾਂ ਮੁੰਡੇ ਅਤੇ ਕੁੜੀ ਨੂੰ ਆਪਣੇ ਧਰਮ ਦੀ ਪੂਰੀ ਗਹਿਰਾਈ ਤਕ ਪੜ੍ਹਾਈ ਕਰਨੀ ਚਾਹੀਦੀ ਤੇ ਖੰਡੇ ਕੀ ਪਾਹੁਲ ਛੱਕ ਕੇ '**ਖਾਲਸਾ ਅਕਾਲ ਪੁਰਖ ਕੀ ਫੌਜ**' ਵਿੱਚ ਦਾਖਲਾ ਲੈਣਾ ਚਾਹੀਦਾ ਹੈ। ਇਹ ਚੰਗਾ ਹੋਵੇਗਾ ਜੇਕਰ ਵਿਆਹ (ਅਨੰਦ ਕਾਰਜ) ਤੋਂ ਪਹਿਲੇ ਖੰਡੇ ਕੀ ਪਾਹੁਲ ਛੱਕ ਕੇ ਪੰਜ ਕਕਾਰੀ ਅੰਮ੍ਰਿਤਧਾਰੀ ਜੀਵਨੀ ਜੀਵੀ ਜਾਵੇ ਅਤੇ ਦਿਨ-ਬ-ਦਿਨ ਗੁਰਬਾਣੀ ਵਿਚਾਰਾਂ ਰਾਹੀਂ ਅੰਦਰੋਂ ਵੀ ਬਾਣੀ ਦਾ ਅੰਮ੍ਰਿਤ ਛੱਕ-ਛੱਕ ਕੇ ਨਿਆਰਾ ਖਾਲਸਾ ਵਾਲਾ ਜੀਵਨ ਜਿਊਂਦੇ ਹੋਣ। ਇਸੇ ਤਰ੍ਹਾਂ ਹਿੰਦੂ, ਮੁਸਲਮਾਨ ਅਤੇ ਇਸਾਈ ਜਾਂ ਹੋਰ ਅਨੇਕਾਂ ਮਜ਼੍ਹਬਾਂ ਵਾਲਿਆਂ ਨੂੰ ਆਪਣੇ-ਆਪਣੇ ਮਜ਼੍ਹਬ 'ਚੋਂ ਹੀ ਜੀਵਨ ਸਾਥੀ ਲੱਭਣਾ ਚਾਹੀਦਾ ਹੈ।
4. ਜਿੱਥੇ ਰਿਸ਼ਤਾ ਜੋੜ ਰਹੇ ਹੋ, ਉਹ ਘਰ ਸੰਤਾਂ ਦੇ ਡੇਰੇ ਜਾਂ ਮੜੀਆਂ-ਮਸਾਣਾਂ, ਭੂਤਾਂ-ਪ੍ਰੇਤਾਂ ਜਾਂ ਜਾਦੂ-ਟੂਣਿਆਂ ਉੱਤੇ ਵਿਸ਼ਵਾਸ ਨਾ ਰਖਦਾ ਹੋਵੇ ਅਤੇ ਨਾ ਹੀ ਕਿਸੀ ਦੇਹਧਾਰੀ ਗੁਰੂ ਦਾ ਸੇਵਕ ਹੋਵੇ।
5. ਜੋ ਮਾਤਾ-ਪਿਤਾ ਚਾਹੁੰਦੇ ਹਨ ਸਾਡੇ ਘਰ ਗੁਰਮਤ ਦਾ ਮਾਹੌਲ ਰਵੇ ਤਾਂ ਉਨ੍ਹਾਂ ਨੂੰ ਗੁਰਮਤ ਧਾਰਨੀ ਪਰਿਵਾਰ 'ਚ ਹੀ ਰਿਸ਼ਤਾ ਕਰਨਾ ਚਾਹੀਦਾ ਹੈ ।
6. ਮੁੰਡਾ/ਕੁੜੀ ਵੇਖਣ ਲਈ ਉਸਦੇ ਕੰਮ-ਕਾਜ ਦੀ ਪੜਚੋਲ ਕਰਣ ਦੇ ਨਾਲ-ਨਾਲ, ਉਸਦੇ ਜੀਵਨ, ਆਚਰਣ ਅਤੇ ਵਿਵਹਾਰ ਨੂੰ ਬੜੀ ਨੇੜਿਓ ਘੋਖਿਆ (close watch) ਜਾਵੇ ਤਾ ਕਿ ਉਸਦੀ ਜੀਵਨੀ ਬਾਰੇ ਸਹੀ-ਸਹੀ ਨਿਰਣਾ ਲਿਆ ਜਾ ਸਕੇ।
7. ਜੇ ਮੁੰਡੇ ਵਾਲੇ ਦਾਜ ਦੀ ਕਿਸੇ ਵੀ ਢੰਗ ਨਾਲ ਮੰਗ ਕਰਣ ਤਾਂ ਇਹ ਮੰਗਾਂ ਦੇ ਪੇੜ ਦਾ ਬੀਜ (ਸਿਆਣੇ ਨੂੰ ਇਸ਼ਾਰਾ ਕਾਫੀ) ਸਮਝ ਲੈਣਾ ਚਾਹੀਦਾ ਹੈ ਕਿ ਜੇ ਕਰ ਇਕ ਵੀ ਮੰਗ ਪੂਰੀ ਕੀਤੀ ਗਈ ਤਾਂ ਇਹ ਹੜ੍ਹ ਕਿਸੀ ਨਾ ਕਿਸੀ ਤਰੀਕੇ ਨਾਲ ਉਸ ਜੋੜੇ ਦੀ ਗ੍ਰਹਿਸਤੀ ਨਗਰੀ ਨੂੰ ਉਜਾੜੇਗਾ ਹੀ ਉਜਾੜੇਗਾ। ਇਸ ਕਰਕੇ ਇਕ ਵੀ ਮੰਗ ਮੰਗਣ ਵਾਲਿਆਂ ਤੋਂ ਗੁਰੇਜ਼ ਹੀ ਕੀਤਾ ਜਾਵੇ ਅਤੇ ਐਸੇ ਪਰਿਵਾਰ ਵਿਚ ਰਿਸ਼ਤਾ ਨਾ ਕਰਨਾ ਹੀ ਮੁਫੀਦ ਹੋਵੇਗਾ।
8. ਕੁੜੀ ਵਾਲੇ ਆਪਣੀ ਬੇਟੀ ਨੂੰ ਘਰ ਬਿਠਾਉਣ ਲਈ ਤਤਪਰ ਰਹਿਣ ਪਰ ਸ਼ਰਾਬੀ, ਐਬੀ, ਦਾਜ ਦੇ ਭੁੱਖੇ, ਪਰਿਵਾਰਾਂ 'ਚ ਨਾ ਹੀ ਦੇਣ।
9. ਪਰਦੇਸੋਂ ਆਏ ਮੁੰਡੇ/ਕੁੜੀ ਬਾਰੇ ਬਹੁਤ ਗਹਿਰਾਈ 'ਚ ਖੋਜ ਕਰਕੇ ਹੀ ਅਨੰਦ ਕਾਰਜ ਹੋਣਾ ਚਾਹੀਦਾ ਹੈ। ਕੇਵਲ ਫੋਟੋ ਵੇਖ ਕੇ ਲਾਵਾਂ ਲੈ ਲੈਣੀਆਂ ਨੁਕਸਾਨਦਾਇਕ ਸਾਬਿਤ ਹੋ ਸਕਦੀਆਂ ਹਨ।

10. ਜਨਮ ਪਤਰੀ, ਕੁੰਡਲਨੀ, ਮੰਗਲੀਕ ਜੈਸੇ ਵਿਚਾਰ, ਗੁਰਮਤ ਦੀ ਸਹੀ ਜਾਣਕਾਰੀ ਨਾ ਹੋਣ ਕਾਰਣ ਹੀ ਉਪਜਦੇ ਹਨ। ਐਸੇ ਕੁੜਮਾਂ ਤੋਂ ਪਹਿਲਾਂ ਹੀ ਕਿਨਾਰਾ ਕਰਨਾ ਚੰਗਾ ਹੈ।
11. ਜੇ ਕਰ ਮੁੰਡਾ/ਕੁੜੀ ਦੀ ਉਮਰ ਦਾ ਬਹੁਤ ਫਰਕ ਹੈ ਤਾਂ ਵੀ ਵਿਆਹ ਮਗਰੋਂ ਤਾਲਮੇਲ ਬਿਠਾਉਣਾ ਮੁਸ਼ਕਿਲ ਹੋ ਸਕਦਾ ਹੈ।
12. ਜਿਸ ਘਰ ’ਚ ਮਾਤਾ-ਪਿਤਾ ਜਾਂ ਭੈਣ-ਭਰਾ, ਜੀਜਾ, ਭਰਜਾਈ, ਚਾਚਾ-ਚਾਚੀ ਜਾਂ ਕੋਈ ਵੀ ਨੇੜਤਾ ਦਾ ਗਹਿਰਾ ਰਿਸ਼ਤਾ, ਜਿਸ ਦਾ ਅਸਰ ਘਰ ‘ਚ ਬਹੁਤ ਹੋਵੇ ਅਤੇ ਜੇ ਉਹ ਸ਼ਰਾਬੀ, ਕੇਸਾਂ ਦੀ ਬੇਅਦਬੀ ਵਾਲੇ ਹਨ ਤਾਂ ਵੀ ਪਤੀ-ਪਤਨੀ ਅਤੇ ਉਨ੍ਹਾਂ ਦੀ ਔਲਾਦ ਲਈ ਬਹੁਤ ਨੁਕਸਾਨਦਾਇਕ ਹੋ ਸਕਦੇ ਹਨ।
13. ਅਖੌਤੀ ਸਾਧੂ, ਸੰਤ, ਬਾਬੇ, ਡੇਰੇ, ਤਾਂਤ੍ਰਿਕਾਂ ਅਨੁਸਾਰ ਭਵਿੱਖ ਫਲ, ਸੁਖਣਾ, ਚਲੀਹੇ ਵਗੈਰਾ ਜਾਂ ਪੁੱਤ ਲੈਣ ਲਈ ਜਾਦੂ ਟੂਣੇ ਜੈਸੇ ਅੰਧ ਵਿਸ਼ਵਾਸਾਂ ਵਿਚ ਫਸੇ ਪਰਿਵਾਰਾਂ ’ਚ ਵਿਆਹ ਕਰਨਾ ਖ਼ਤਰੇ ਦਾ ਸੂਚਕ ਹੈ।
14. ਜੇ ਕਰ ਮੁੰਡੇ ਵਾਲੇ ਕਲੀਨ ਸ਼ੇਵਨ (Clean Shaven) ਹਨ ਤੇ ਜ਼ਬਰਦਸਤੀ ਆਪਣੇ ਆਪ ਨੂੰ ਸਿੱਖ ਅਖਵਾ ਰਹੇ ਹਨ ਤਾਂ ਲੜਕੀ ਵਾਲੇ ਸਮਝ ਲੈਣ ਕਿ ਉਹ ਸਿੱਖੀ ਵਿਚ ਨਹੀਂ ਰਹਿ ਸਕਣਗੇ। ਜੀਵਨ ਨਰਕ ਵਲ ਹੀ ਜਾਵੇਗਾ ਅਤੇ ਆਉਣ ਵਾਲੀ ਪਨੀਰੀ ਤੇ ਮਾੜਾ ਅਸਰ ਵੀ ਪਵੇਗਾ। ਲੜਕੀ ਵਾਲੇ ਜੇਕਰ ਪਤਿਤ (Clean Shaven) ਨਾਲ ਪੈਸਾ, ਰੁਤਬਾ, ਪਰਦੇਸ (Status, Foreign) ਜ਼ਾਤ ਵੇਖ ਕੇ ਵਿਆਹ ਕਰ ਰਹੇ ਹਨ ਤਾਂ ਲੜਕੀ ਦੇ ਸੁਖੀ ਰਹਿਣ ਦੀ ਘਟ ਹੀ ਉਮੀਦ ਰੱਖੋ। ਜਿਨ੍ਹਾ ਦਾ ਆਪਣੇ ਮੁਰਸ਼ਿਦ ਨਾਲ ਹੀ ਪਿਆਰ ਨਹੀਂ, ਉਨ੍ਹਾਂ ਨੇ ਸਾਥੀ, ਸੱਸ ਸਹੁਰੇ, ਕੁੜਮਾਂ ਦਾ ਵੀ ਲਿਹਾਜ ਨਹੀਂ ਕਰਨਾ-ਸੋ ਕਿਤੇ ਨਾ ਕਿਤੇ ਭਾਂਡੇ ਖੜਕਨ ਦਾ ਖ਼ਤਰਾ ਹੈ ।
15. ਅੰਤਰ-ਧਰਮੀ ਵਿਆਹ ’ਚ ਅਨਮਤੀਏ, ਅਗਿਆਨਤਾਂ ਦੀਆਂ ਰੀਤਾਂ-ਰਸਮਾਂ ਦਾ, ਸਹਿਜੇ ਹੀ ਘਰ ਵਿਚ ਵੜ ਆਉਣਾ ਲਾਜ਼ਮੀ ਹੈ।
16. ਰਫਤਾਰ-ਦਸਤਾਰ-ਗੁਫਤਾਰ ਨਾਲ ਮਨੁੱਖ ਦੇ ਆਚਰਣ ਦਾ ਗਹਿਰਾਈ ’ਚ ਪਤਾ ਲਗ ਜਾਂਦਾ ਹੈ। ਜੇ ਕਰ ਮੁੰਡੇ/ਕੁੜੀ ਦੇ ਘਰਾਂ ’ਚ ਮਾੜੀਆਂ ਫਿਲਮਾਂ, ਗੰਦਾ ਲਿਟਰੇਚਰ, ਨਾਵਲ, ਦੀਵਾਰਾਂ ਤੇ ਗੰਦੀਆਂ ਫੋਟੋਆਂ ਹਨ ਤਾਂ ਐਸੇ ਪਰਿਵਾਰਾਂ ਵਿ‘ਚ ਰਿਸ਼ਤਾ ਨੁਕਸਾਨ ਦਾ ਸੂਚਕ ਹੈ ।
17. ਜੇ ਮੁੰਡੇ/ਕੁੜੀ ਦੀ ਸੋਹਬਤ ਸਤਸੰਗੀ ਹੈ, ਉਹ ਚੰਗੇ ਗੁਣਾਂ ਦਾ ਸੂਚਕ ਹੈ, ਲੇਕਿਨ ਮਾੜੀ ਸੰਗਤ ਵਿਚ ਜਾਣ ਵਾਲੇ ਅਵਗੁਣਾਂ ਦੇ ਧਾਰਨੀ ਨਾਲ ਵਿਆਹ, ਖਤਰੇ ਤੋਂ ਖਾਲੀ ਨਹੀਂ।
18. ਕੇਵਲ ਰੂਪ ਤਕ ਹੀ ਰਿਸ਼ਤੇ ਨੂੰ ਮਹਿਦੂਦ ਨਾ ਕੀਤਾ ਜਾਵੇ। ਸੁੰਦਰ ਰੂਪ ਹੋਵੇ ਪਰ ਉਪਰ ਦੱਸੇ ਕੋਈ ਵੀ ਅਵਗੁਣ ਹੋਣ ਤਾਂ ਰੂਪ ਹੀ ਕੋਝਾ ਰੂਪ (ਕਰੂਪ) ਧਾਰਨ ਕਰਕੇ ਘਰ ਦੀਆਂ ਦਿਵਾਰਾਂ ਤੋੜ ਦਿੰਦਾ ਹੈ। ਆਪਣੀ ਧੀਆਂ ਨੂੰ ਸ਼ਿੰਗਾਰ, ਫੈਸ਼ਨ ਤੋਂ ਉਪਰ ਆਤਮਕ ਸੁੰਦਰਤਾ ਲਈ ਇਤਨੇ ਚੰਗੇ ਗੁਣ ਸਿਖਾਏ ਜਾਣ ਤਾ ਕਿ ਉਹ ਦੂਜਿਆਂ ਲਈ ਚੰਗੀਆਂ ਨੂੰਹਾਂ ਸਾਬਿਤ ਹੋ ਸਕਣ।
19. ਵਿਆਹ ਛੇਤੀ ਹੋ ਜਾਵੇ ਤਾਂ ਚੰਗਾ ਹੈ, ਵਡੇਰੀ ਉਮਰ ’ਚ ਮੁੰਡਾ/ਕੁੜੀ ਦੇ ਖਿਆਲ ਪੱਕ ਜਾਂਦੇ ਹਨ, ਤਾਲਮੇਲ ਰਖਣਾ ਮੁਸ਼ਕਲ ਹੋ ਜਾਂਦਾ ਹੈ। ਬਾਲ ਵਿਆਹ ਤਾਂ ਨਹੀਂ ਪਰ ਜਵਾਨੀ ਦੀ ਉਮਰ ਵਿਚ ਹੀ ਵਿਆਹ ਕਰਨਾ ਕਾਫੀ ਲਾਹੇ ਦਾ ਨਿਰਣਾ ਹੁੰਦਾ ਹੈ ਕਿਉਂਕਿ ਮੁੰਡਾ/ਕੁੜੀ ਸਰੀਰਕ ਤੌਰ ਤੇ ਵਿਆਹ, ਗ੍ਰਹਿਸਤੀ ਅਤੇ ਤੰਦਰੁਸਤ ਬੱਚੇ ਲਈ ਤਿਆਰ ਹੁੰਦੇ ਹਨ। ਸਿ‘ਟੇ ਵਜੋਂ ਉਨ੍ਹਾਂ ਦੇ ਆਚਰਣ ਤੋਂ ਡਿਗਣ ਦੇ ਮੌਕੇ ਵੀ ਘ‘ਟ ਜਾਂਦੇ ਹਨ। ਉਹ ਛੇਤੀ ਹੀ ਆਪਣੀ ਗ੍ਰਹਿਸਤੀ ਦੀਆਂ ਜਿੰਮੇਵਾਰੀਆਂ ਸੰਭਾਲਣ ਵਿਚ ਸਮਰੱਥ ਹੋ ਜਾਂਦੇ ਹਨ।
20. ਜੇ ਕਰ ਮੁੰਡਾ/ਕੁੜੀ ਦਾ ਕਿਸੇ ਸਿੱਖ ਨਾਲ ਪਿਆਰ (love affair) ਹੋ ਗਿਆ ਹੈ ਤਾਂ ਵੀ ਗਹਿਰਾਈ ਤਕ ਪਹੁੰਚਣਾ ਚਾਹੀਦਾ ਹੈ ਕਿ ਵਿਚਾਰਾਂ ਦਾ ਮੇਲ ਹੈ ਕਿ ਕੇਵਲ ਰੂਪੀ ਭੁੱਖ ਦਾ ਅਖੌਤੀ ਪਿਆਰ।
21. ਅਖ਼ਬਾਰਾਂ, ਮੈਗਜ਼ੀਨਾਂ ਵਾਲੇ ਰਿਸ਼ਤਿਆਂ ਦੀ ਪੜਚੋਲ ਹੋਰ ਗਹਿਰਾਈ ‘ਚ ਕੀਤੀ ਜਾਵੇ ।

ਮਾਇਆ ਦਾ ਲਾਲਚੀ, ਅਨਮਤੀਆ, ਸ਼ਰਾਬੀ, ਜ਼ਾਤ ਅਭਿਮਾਨੀ, ਕੁਰਾਹੀਆਂ ਐਸੇ ਅਵਗੁਣਾਂ ਵਾਲਾ ਵਿਚੋਲਾ ਠੀਕ ਰਿਸ਼ਤੇ ਨਹੀਂ ਕਰਾ ਸਕਦਾ।

22.ਕੁੜੀ ਜੇਕਰ ਘਰੇਲੂ ਕੰਮਾਂ ’ਚ ਸਿਆਣੀ ਅਤੇ ਗੁਣਾਂ ਦੀ ਧਾਰਨੀ ਹੈ ਤਾਂ ਬਹੁਤ ਕੀਮਤੀ ਗੁਣ ਹਨ ।

23.ਪੜ੍ਹਾਈ ਦੇ ਨਜ਼ਰੀਏ ਤੋਂ compatible match ਹੋਣਾ, ਆਤਮਕ ਉੱਚਤਾ ਲਈ ਅਤੇ ਅਜ ਦੇ ਨਵੇਂ ਜੁਗ ਦੇ ਸਮਾਜ ’ਚ ਚੰਗਾ ਸਾਬਿਤ ਹੋ ਸਕਦਾ ਹੈ। ਪੜ੍ਹਾਈ ਦੇ ਬਹੁਤੇ ਫਰਕ ਨਾਲ ਖਿਆਲਾਂ ਅਤੇ ਸੋਚਣੀ ਦਾ ਤਾਲਮੇਲ ਨਹੀਂ ਬਣਦਾ।

24.ਨਜ਼ਦੀਕੀ ਰਿਸ਼ਤਿਆਂ (cousins ਜਾਂ ਭੈਣ-ਭਰਾ ਦੇ ਬੱਚਿਆਂ ਦਾ) ’ਚ ਵਿਆਹ ਕਰਨਾ-Biological ਜਾਂ ਸਿਹਤ ਪੱਖੋਂ ਅਤੇ ਬੱਚੇ ਲਈ ਨੁਕਸਾਨਦੇਹ ਹੈ।

25.ਮੁੰਡਾ/ਕੁੜੀ ਦੀ Average Health ਠੀਕ ਹੀ ਹੋਣੀ ਚਾਹੀਦੀ ਹੈ, ਖੂਨ ਦੀ ਜ਼ਰੂਰ ਜਾਚ ਹੋ ਜਾਣੀ ਚਾਹੀਦੀ ਹੈ ਤਾ ਕਿ ਥੇਲੇਸੀਮਿਆ ਅਤੇ ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਆਉਣ ਵਾਲੇ ਬੱਚਿਆਂ ਨੂੰ ਬਚਾਇਆ ਜਾ ਸਕੇ।

26.ਕਿਸੇ ਦੇਸ਼ ਜਾਂ ਪ੍ਰਾਂਤ ਬਾਰੇ ਆਮ ਦੁਨਿਆਵੀ ਸੋਚ ਦੀ ਵਿਚਾਰ ਨਾ ਲਈ ਜਾਵੇ ਕਿ ਕਿਹੜੀ ਬਿਰਾਦਰੀ ਵਾਲੇ ਚੰਗੇ ਹੁੰਦੇ ਹਨ ਤੇ ਕਿਹੜੇ ਮਾੜੇ ਜਾਂ ਲੜਾਕੇ। ਸਭ ਜਗ੍ਹਾਂ, ਸਭ ਦੇਸ਼ਾਂ-ਪ੍ਰਾਂਤਾਂ ’ਚ ਚੰਗੇ-ਮੰਦੇ ਸਭ ਕਿਸਮਾਂ ਦੇ ਮਨੁੱਖ ਹੁੰਦੇ ਹਨ। ਇਸ ਕਰਕੇ ਚੰਗੇ ਗੁਣਾਂ ਦੀ ਨਿਰਪੱਖ ਪੜਚੋਲ ਕਰਨੀ ਚਾਹੀਦੀ ਹੈ।

27.ਜੇ ਕਰ ਮੁੰਡਾ/ਕੁੜੀ ’ਚੋਂ ਕੋਈ ਇਕ ਸ਼ਾਕਾਹਾਰੀ (Veg.) ਹੈ ਤੇ ਦੂਜੀ ਧਿਰ ਮਾਸਾਹਾਰੀ (non vegetarian) ਹੈ ਤਾਂ ਇਸ ਮਸਲੇ ਬਾਰੇ ਵੀ ਪਹਿਲਾਂ ਖੁਲ੍ਹ ਕੇ ਵਿਚਾਰ ਹੋ ਜਾਣੀ ਚਾਹੀਦੀ ਹੈ। ਦਬਾਅ ਪਾ ਕੇ ਕੁਝ ਵੀ ਮਨਵਾਉਣਾ ਬਾਦ ਵਿਚ ਨੁਕਸਾਨ ਦੇ ਸਕਦਾ ਹੈ ਕਿਉਂਕਿ ਸਾਰੀ ਉਮਰ ਦਾ ਮਸਲਾ ਹੁੰਦਾ ਹੈ।

28.ਮੁੰਡਾ/ਕੁੜੀ ਆਪਸ ਵਿਚ ਕੁੜਮਾਈ ਤੋਂ ਬਾਦ ਮਿਲਦੇ ਰਹਿਣ ਪਰ ਕੇਵਲ ਅਖੌਤੀ ਘੁਮੰਣ-ਫਿਰਣ (dating), ਹੋਟਲਾਂ ਵਿਚ ਰੋਟੀਆਂ ਖਾਣ ਤਕ ਨਹੀਂ ਬਲਕਿ ਆਪਸ ਵਿਚ ਚੰਗੇ ਗੁਣਾਂ ਦੀ ਵਿਚਾਰ ਅਤੇ ਲਾਵਾਂ ਦੇ ਅਰਥਾਂ ਨੂੰ ਡੂੰਘਾਈ ’ਚ ਸਮਝ ਕੇ ਆਪਣੇ ਜੀਵਨ ’ਚ ਢਾਲਣ ਲਈ ਵਿਚਾਰਾਂ ਕਰਨਾ, ਦੋਵਾਂ ਲਈ ਕੀਮਤੀ ਸਾਬਤ ਹੋ ਸਕਦਾ ਹੈ। ਕੁੜਮਾਈ ਅਤੇ ਵਿਆਹ ’ਚ ਜ਼ਿਆਦਾ ਫਰਕ ਪਾਉਣਾ ਨੁਕਸਾਨਦੇਹ ਹੋ ਸਕਦਾ ਹੈ।

29.ਜਵਾਨੀ ’ਚ ਮੁੰਡਾ/ਕੁੜੀ ਦਾ ਜੇਕਰ ਸਾਥੀ ਚਲਾਣਾ ਕਰ ਗਿਆ ਹੈ ਤਾਂ ਉਨ੍ਹਾਂ ਦਾ ਮੁੜ ਛੇਤੀ ਵਿਆਹ ਕਰਨਾ ਚੰਗਾ ਹੀ ਸਾਬਤ ਹੋਵੇਗਾ ਪਰ ਗੁਣ-ਅਵਗੁਣ ਵੇਖਣ ਵਾਲੀ ਕਸਵੱਟੀ ਆਪਣੀ ਜਗ੍ਹਾ ਲਾਜ਼ਮੀ ਹੈ।

# ਜੀਵਨ ਸਾਥੀ ਲੱਭਣ ਲਈ ਕੁਝ ਨੁਕਤੇ

## ਲੜਕਿਆਂ ਲਈ

1. ਲੜਕੀ ਦੇ ਰੂਪ ਸ਼ਿੰਗਾਰ ਵਲ ਘਟ ਬਲਕਿ ਅੰਦਰੂਨੀ ਗੁਣਾਂ ਵਲ ਜ਼ਿਆਦਾ ਧਿਆਨ ਦਿਓ ।
2. ਆਪਣੇ ਗੁਣਾਂ ਦੇ ਅਨੁਰੂਪ ਹੀ ਪਤਨੀ ਤਲਾਸ਼ ਕਰੋ ।
3. ਜਿਸ ਤਰ੍ਹਾਂ ਤੁਹਾਡਾ ਆਪਣਾ ਰੰਗ-ਰੂਪ, ਪੜ੍ਹਾਈ-ਲਿਖਾਈ, ਨੌਕਰੀ, ਵਪਾਰ ਜਾਂ ਸਮਾਜਕ ਰੁਤਬਾ (Social Status) ਹੈ, ਉਸ ਤੋਂ ਵੱਧ ਪੜ੍ਹੀ-ਲਿਖੀ ਜਾਂ ਵੱਧ ਮਾਇਆ ਵਾਲੇ ਪਰਿਵਾਰ ਵਾਲੀ ਲੜਕੀ ਦੀ ਕਾਮਨਾ ਨਾ ਕਰੋ ।
4. ਜ਼ਿਆਦਾ ਦਾਜ ਦੇ ਲਾਲਚ ‘ਚ ਆਪਣੇ ਤੋਂ ਬਹੁਤ ਘੱਟ ਪੜ੍ਹੀ-ਲਿੱਖੀ, ਘਰ ਦਾ ਕੰਮ-ਕਾਜ ਨ ਜਾਣਨ ਵਾਲੀ, ਸਿਰਫ ਨੌਕਰਾਂ-ਚਾਕਰਾਂ ਤੇ ਨਿਰਭਰ ਰਹਿਣ ਵਾਲੀ, ਪਿਤਾ ਪੁਰਖੀ ਧਨ ਦਾ ਵਿਖਾਵਾ ਕਰਨ ਵਾਲੀ ਲੜਕੀ ਨਾਲ ਵਿਆਹ ਬਾਦ ’ਚ ਦੁਖਦਾਈ ਬਣ ਜਾਂਦਾ ਹੈ।
5. ਆਪਣੇ ਸੁਭਾ, ਰੁਚੀ, ਸ਼ੌਕ ਅਤੇ ਪੇਸ਼ੇ ਦੇ ਅਨੁਕੂਲ ਲੜਕੀ ਤਲਾਸ਼ ਕਰੋ ।
6. ਅਗਰ ਤੁਸੀਂ ਅਮ੍ਰਿੰਤਧਾਰੀ, ਨਿਤਨੇਮੀ ਹੋ ਤਾਂ ਐਸੀ ਹੀ ਲੜਕੀ ਤੁਹਾਡੇ ਵਿਆਹੁਤਾ ਜੀਵਨ ਨੂੰ ਅਨੰਦਮਈ ਬਣਾਵੇਗੀ। ਪਰ ਅਗਰ ਅਮ੍ਰਿੰਤਧਾਰੀ, ਨਿਤਨੇਮੀ ਲੜਕੀ ਤੁਹਾਡੇ ਅਨੁਸਾਰ ਨਹੀਂ ਮਿਲਦੀ ਤਾਂ ਘਟੋ-ਘਟ ਇਹ ਖਿਆਲ ਰਖੋ ਕਿ ਉਹ ਗੁਰਦੁਆਰੇ ਜਾਣ ਵਾਲੀ, ਕੀਰਤਨ ਬਾਣੀ ਨਾਲ ਪਿਆਰ ਕਰਨ ਵਾਲੀ ਅਵੱਸ਼ ਹੋਵੇ ।
7. ਗੁਰਸਿੱਖੀ ਵਿਚ ਜ਼ਾਤ-ਪਾਤ ਨਹੀਂ ਹੈ। ਇਸ ਲਈ ਜ਼ਾਤ-ਬਿਰਾਦਰੀ ਨ ਦੇਖ ਕੇ ਸਿਰਫ ਇਹ ਵੇਖੋ ਕਿ ਉਹ ਗੁਰਸਿ‘ਖ ਪਰਿਵਾਰ ਦੀ ਗੁਰਸਿੱਖ ਲੜਕੀ ਹੋਵੇ।
8. ਦੂਜੇ ਧਰਮਾਂ ਤੋਂ ਲੜਕੀ ਦੀ ਤਲਾਸ਼ ਨ ਕਰੋ ਕਿਉਂਕਿ ਇਹ ਯਕੀਨ ਜਾਣੋ ਕਿ ਉਹ ਤੁਹਾਡੇ ਬੱਚਿਆਂ ਨੂੰ ਗੁਰਸਿੱਖ ਨਹੀਂ ਬਣਾਵੇਗੀ ਤੇ ਤੁਹਾਨੂੰ ਵੀ ਪ੍ਰੇਰਿਤ ਕਰੇਗੀ ਕਿ ਤੁਸੀ ਵੀ ਕੇਸਾਂ ਦੀ ਬੇਅਦਬੀ ਕਰੋ।
9. ਥੋੜੀ ਬਹੁਤ Adjustment ਜ਼ਰੂਰ ਕਰੋ, ਨਹੀਂ ਤਾਂ ਹੋਰ ਚੰਗੀ ਦੇ ਲਾਲਚ ਵਿਚ ਜ਼ਿਆਦਾ ਤੋਂ ਜ਼ਿਆਦਾ ਲੜਕੀਆਂ ਦੇਖਣੀਆਂ ਤੇ ਨਾਪਸੰਦ ਕਰਦੇ ਜਾਣਾ ਲੜਕੀ ਵਾਲਿਆਂ ਨੂੰ ਤਕਲੀਫ ਤਾਂ ਪਹੁੰਚਾਉਂਦਾ ਹੀ ਹੈ, ਨਾਲ ਹੀ ਨਾਲ ਸਮਾਜ ’ਚ ਤੁਹਾਡੇ ਬਾਰੇ ਗ਼ਲਤ ਧਾਰਨਾ ਵੀ ਬਣਾਏਗਾ ਤੇ ਚੰਗੇ ਘਰਾਂ ਵਾਲੇ ਤੁਹਾਨੂੰ ਲੜਕੀ ਦਿਖਾਉਣ ਵਿਚ ਝਿਜਕਣਗੇ। ਇਸ ਤਰ੍ਹਾਂ ਤੁਹਾਡੀ ਸ਼ਾਦੀ ਲਈ ਉਮਰ ਨਿਕਲਦੀ ਜਾਵੇਗੀ ।
10. ਅਗਰ ਤੁਸੀਂ ਆਪ ਬੇਰੁਜ਼ਗਾਰ ਹੋ ਜਾਂ ਘਰ ’ਚ ਹੋਰ ਵੱਡੇ ਭੈਣ-ਭਰਾ ਕੁਆਰੇ ਬੈਠੇ ਹੋਣ ਤਾਂ ਵਿਆਹ ਕਰਨ ਲਈ ਜ਼ਿਦ ਨਾ ਕਰੋ ।
11. ਤੁਸੀਂ ਅਜੇ ਪੜ੍ਹ ਰਹੇ ਹੋ ਜਾਂ ਨੌਕਰੀ ਤਲਾਸ਼ ਕਰ ਰਹੇ ਹੋ ਜਾਂ ਫਿਰ ਕੰਮ-ਧੰਧੇ ਵਿਚ ਪੂਰੀ ਤਰ੍ਹਾਂ ਪੱਕੇ ਪੈਰੀ ਨਹੀਂ ਹੋ ਪਰ ਤੁਹਾਡੇ ਧਨਾਢ ਪਿਤਾ ਤੁਹਾਡੀ ਸ਼ਾਦੀ ਕਰਵਾਉਣਾ ਚਾਹੁੰਦੇ ਹੋਣ ਤਾਂ ਇਨਕਾਰ ਕਰਨਾ ਬਿਹਤਰ ਹੋਵੇਗਾ।

## ਲੜਕੀਆਂ ਲਈ

1.ਲੜਕਾ ਪੂਰਨ ਕੇਸਾਧਾਰੀ ਗੁਰਸਿੱਖ ਹੋਵੇ।

2.ਅਨਮਤੀਏ/ਪਤਿਤ (Clean Shaven) ਨਾਲ ਵਿਆਹ ਕਰਵਾ ਕੇ ਹੋ ਸਕਦੈ ਕਿ ਸ਼ਰੀਰਕ, ਪਦਾਰਥਕ ਸੁਖ ਤਾਂ ਪ੍ਰਾਪਤ ਹੋ ਜਾਣ ਪਰ ਮਾਨਸਕ, ਅਧਿਆਤਮਕ, ਸਮਾਜਕ ਸੁਖ ਤੋਂ ਜ਼ਰੂਰ ਵਾਂਝੇ ਰਹਿ ਜਾਓਗੇ ।

3. ਲੜਕਾ ਸ਼ਰਾਬ, ਤੰਬਾਕੂ ਜਾਂ ਹੋਰ ਨਸ਼ਿਆਂ ਦਾ ਸੇਵਣ ਨਾ ਕਰਦਾ ਹੋਵੇ।

4. ਲੜਕੇ ਦਾ ਕਿਰਤੀ, ਪੜ੍ਹਾਈ ਵਿਚ ਚੰਗਾ, ਸੂਝਵਾਨ, ਈਮਾਨਦਾਰ ਹੋਣਾ, ਵ'ਡਿਆਂ ਦੀ ਇਜੱਤ ਕਰਨ ਵਾਲਾ, ਆਪਣੇ ਹੱਕਾਂ ਤੇ ਸਮਾਜਕ ਰਿਸ਼ਤਿਆਂ ਨੂੰ ਨਿਭਾਉਣ ਵਾਲਾ, ਜ਼ੁਲਮ ਦੇ ਖਿਲਾਫ ਅਵਾਜ਼ ਉਠਾ ਸਕਣ ਦੀ ਸਮਰਥਾ ਰਖਣ ਵਾਲਾ ਅਤੇ ਚੰਗੀ ਸਿਹਤ ਵਾਲਾ ਹੋਵੇ ਤਾਂ ਬਹੁਤ ਚੰਗਾ ਹੈ।

5. ਜੇ ਲੜਕਾ ਅੰਮ੍ਰਿਤਧਾਰੀ, ਗੁਰਦੁਆਰੇ ਜਾਣ ਵਾਲਾ, ਸਿੱਖ ਰਹਿਤ ਮਰਯਾਦਾ, ਇਤਿਹਾਸ, ਵਿਰਸੇ ਤੋਂ ਜਾਣੂ ਅਤੇ ਗੁਰਬਾਣੀ ਦੀ ਸੂਝ ਰੱਖਣ ਵਾਲਾ ਹੋਵੇ ਤਾਂ ਸੋਨੇ ਤੇ ਸੁਹਾਗਾ ਹੈ।

6. ਜ਼ਾਤ ਦਾ ਅਭਿਮਾਨ ਛੱਡ ਕੇ ਸਿਰਫ ਇਹ ਵੇਖੋ ਕਿ ਲੜਕਾ ਉਪਰੋਕਤ ਗੁਣਾਂ ਦਾ ਧਾਰਨੀ ਹੋਵੇ, ਆਪਣੀ ਜ਼ਾਤ ਬਿਰਾਦਰੀ ਦਾ ਲੜਕਾ ਜ਼ਰੂਰੀ ਨਹੀਂ ਕਿ ਚੰਗਾ ਹੀ ਨਿਕਲੇ। (criteria ਗੁਰਸਿੱਖ ਹੋਵੇ ਨਾ ਕਿ ਜ਼ਾਤ ਬਿਰਾਦਰੀ ਜਾਂ ਅਮੀਰੀ ਰੁਤਬਾ)

7. ਦਾਜ ਦੇ ਲੋਭੀ, ਧਨ ਪਦਾਰਥਾਂ ਦੇ ਅਭਿਮਾਨੀ, ਦੂਜਿਆਂ ਨੂੰ ਨੀਵਾਂ ਸਮਝਣ ਵਾਲੇ ਪਰਿਵਾਰ ਤੋਂ ਦੂਰ ਰਹਿਣਾ ਹੀ ਬਿਹਤਰ ਹੈ।

8. ਆਪਣੇ ਤੋਂ ਬਹੁਤ ਜਾਂ ਘੱਟ ਪੜ੍ਹੇ-ਲਿਖੇ ਬਹੁਤ ਜਾਂ ਘੱਟ ਤਨਖਾਹ ਪਾਉਣ ਵਾਲੇ ਲੜਕੇ ਨਾਲ ਵਿਆਹ ਬਾਦ 'ਚ ਤੁਹਾਨੂੰ ਮਾਨਸਕ ਕਸ਼ਟ ਦੇ ਸਕਦਾ ਹੈ।

9. ਇਹ ਨ ਸੋਚੋ ਕਿ ਅਗਰ ਤੁਹਾਡੇ ਪਿਤਾ ਦੀ ਤਨਖਾਹ ਅਜ 20,000 ਹੈ ਤਾਂ ਮੁੰਡੇ ਦੀ ਤਨਖਾਹ ਇਸ ਦੇ ਨੇੜੇ-ਤੇੜੇ ਹੋਵੇ। ਜ਼ਰਾ ਸੋਚੋ ਕਿ ਤੁਹਾਡੇ ਪਿਤਾ ਜੀ ਕਈ ਸਾਲਾਂ ਬਾਦ ਇਸ ਮੁਕਾਮ ਤੇ ਪਹੁੰਚੇ ਸਨ ਜਦ ਕਿ ਮੁੰਡੇ ਨੇ ਅਜੇ ਸ਼ੁਰੂਆਤ ਕੀਤੀ ਹੈ।

10. ਅਗਰ ਮੁੰਡਾ ਪਰਦੇਸ ਵਿਚ ਰਹਿੰਦਾ ਹੈ ਤਾਂ ਇਹ ਪੁਛਗਿੱਛ ਜ਼ਰੂਰ ਕਰਵਾਓ ਕਿ ਜੋ ਦੱਸਿਆ ਗਿਆ ਹੈ ਉਹ ਸੱਚ ਹੈ ਤੇ ਲੜਕਾ ਨੀਵੇਂ ਆਚਰਣ ਵਾਲਾ ਨਹੀਂ ਅਤੇ ਕਿਧਰੇ ਉਸਨੇ ਪਹਿਲਾਂ ਸ਼ਾਦੀ ਕਰਕੇ ਤਲਾਕ ਤਾਂ ਨਹੀਂ ਲਿਆ ਹੋਇਆ ?

11. ਅਗਰ ਤੁਸੀ ਪਰਦੇਸ ਵਿਚ ਹੋ ਤੇ ਮੁੰਡਾ ਭਾਰਤ ਵਿਚ ਰਹਿੰਦਾ ਹੈ ਤਾਂ ਇਹ ਵੀ ਪਤਾ ਕਰਵਾਓ ਕਿ ਕਿਤੇ ਮੁੰਡਾ ਸਿਰਫ ਵੀਜ਼ਾ ਲੈਣ ਵਾਸਤੇ ਝੂਠੀ ਸ਼ਾਦੀ ਤਾਂ ਨਹੀਂ ਕਰ ਰਿਹਾ ।

12. ਅਗਰ ਕੁੜਮਾਈ ਹੋ ਗਈ ਹੈ ਤਾਂ ਜ਼ਿਆਦਾ ਘੁੰਮਣ-ਫਿਰਣ ਨਾ ਜਾਓ ਅਤੇ ਭਾਵੀ ਪਤੀ ਨੂੰ ਜ਼ਿਆਦਾ ਨਜ਼ਦੀਕ ਨਾ ਆਉਣ ਦਿਓ। ਕੁੜਮਾਈ ਅਤੇ ਵਿਆਹ ਵਿਚ ਜ਼ਿਆਦਾ ਫਰਕ ਨਹੀਂ ਹੋਣਾ ਚਾਹੀਦਾ। ਵਿਆਹ ਤੋਂ ਪਹਿਲਾਂ ਸਰੀਰਕ ਮਿਲਨ ਆਚਰਣਹੀਨਤਾ ਹੈ। ਇਸ 'ਤੇ ਸਖ਼ਤ ਪਹਿਰਾ ਦਿਤਾ ਜਾਵੇ।

13. ਠੀਕ ਉਮਰ ਵਿਚ ਵਿਆਹ ਕਰੋ। ਕੱਚੀ ਉਮਰ ਜਾਂ ਵਡੇਰੀ ਉਮਰ 'ਚ ਵਿਆਹ ਕਰਵਾਉਣਾ, ਕਈ ਮਾਨਸਿਕ ਅਤੇ ਸਰੀਰਕ ਉਲਝਣਾ ਪੈਦਾ ਕਰਦਾ ਹੈ।

14. ਫੈਸ਼ਨ ਤੋਂ ਬਚੋ। ਫੈਸ਼ਨ ਨਹੀਂ ਬਲਕਿ ਤੁਹਾਡੇ ਗੁਣ ਹੀ ਤੁਹਾਨੂੰ ਦੇਖਣ ਆਏ ਲੜਕੇ ਅਤੇ ਉਸ ਦੇ ਪਰਿਵਾਰ ਨੂੰ ਤੁਹਾਡੇ ਵਲ ਆਕਰਸ਼ਤ ਕਰਨਗੇ।

15. ਅਗਰ ਤੁਹਾਨੂੰ ਕੋਈ ਮੁੰਡਾ ਚੰਗਾ ਲਗਦਾ ਹੈ ਅਤੇ ਉਸ ਨੂੰ ਜੀਵਨ ਸਾਥੀ ਬਣਾਉਣਾ ਚਾਹੁੰਦੇ ਹੋ ਤਾਂ ਆਪਣੇ ਮਾਤਾ-ਪਿਤਾ ਜਾਂ ਭੈਣ-ਭਰਾ ਨੂੰ ਜ਼ਰੂਰ ਦੱਸੋ ਤਾ ਕਿ ਉਸ ਦੀ ਪੁੱਛ-ਪੜਤਾਲ ਕਰਵਾਈ ਜਾ ਸਕੇ। ਨੱਠ ਕੇ ਜਾਂ ਪਰਵਾਰਾਂ ਦੀ ਮਰਜ਼ੀ ਤੋਂ ਉਲਟ ਵਿਆਹ ਕਰਵਾਉਣ ਨਾਲ ਬਾਦ ਵਿਚ ਪਛਤਾਉਣਾ ਪੈ ਸਕਦਾ ਹੈ।

# ਆਪਣੇ ਬੱਚਿਆਂ ਦੇ ਸੁੱਖਮਈ ਜੀਵਨ ਲਈ ਵਿਚਾਰੋ

1. ਬੱਚਿਆਂ ਤੇ ਮਾੜਾ ਅਸਰ ਨ ਪਵੇ ਇਸ ਕਰਕੇ ਮਾਤਾ ਪਿਤਾ ਨੂੰ ਆਪਣੇ ਘਰਾਂ ਦਾ ਮਾਹੌਲ ਗੁਰਮਤ ਅਨੁਕੂਲ ਬਣਾਉਣਾ ਚਾਹੀਦਾ ਹੈ। ਤਾਸ਼ਾਂ ਖੇਡਣੀਆਂ, ਸ਼ਰਾਬਾਂ ਪੀਣੀਆਂ, ਜੂਏ ਖੇਡਣੇ, ਦਿਨੇ-ਰਾਤ ਫਿਲਮਾਂ, ਗੰਦੇ ਮੈਗਜ਼ੀਨਾਂ ਅਤੇ ਕੇਵਲ ਕਿਟੀ ਪਾਰਟੀਜ਼, ਨੰਗੇਜ਼ ਭਰੇ ਫੈਸ਼ਨ, (Kitty Parties, Shopping, Fashion) ਘਰਾਂ ਦੇ ਵਿਗਾੜ ਦੇ ਕਾਰਣ ਬਣ ਰਹੇ ਹਨ। ਮਾਤਾ-ਪਿਤਾ ਨੂੰ ਆਪਣੇ ਘਰ ਦੇ ਭਲੇ ਵਾਸਤੇ ਇਨ੍ਹਾਂ ਮਾੜੀਆਂ ਵਾਦੀਆਂ ਦਾ ਤਿਆਗ ਬੱਚਿਆਂ ਦੇ ਭਵਿੱਖ ਲਈ ਲਾਜ਼ਮੀ ਹੈ।

2. ਜੋ ਮਾਤਾ-ਪਿਤਾ ਚਾਹੁੰਦੇ ਹਨ ਸਾਡੇ ਬੱਚੇ ਗੁਰਮਤ ਅਨੁਸਾਰ ਜੀਵਨੀ ਜਿਊਣ ਤਾਂ ਉਨ੍ਹਾਂ ਨੂੰ ਬਚਪਨ ਤੋਂ ਹੀ ਬੱਚਿਆਂ ਨੂੰ ਗੁਰਮੁਖੀ ਲਿਖਣੀ, ਪੜ੍ਹਣੀ ਅਤੇ ਬੋਲਣੀ ਸਿਖਾਉਣੀ ਚਾਹੀਦੀ ਹੈ। ਗੁਰਬਾਣੀ ਦਾ ਅਭਿਆਸ, ਗੁਰਦੁਆਰੇ ਜਾ ਕੇ ਗੁਰਮਤ ਵਿਚਾਰਾਂ ਸੁਣਨ, ਸੇਵਾ ਕਰਨ ਦਾ ਅਭਿਆਸੀ ਬਣਾਉਣ ਲਈ ਆਪ ਉਨ੍ਹਾਂ ਦੇ ਨਾਲ ਉੱਦਮ ਕਰਨਾ ਚਾਹੀਦਾ ਹੈ।

ਧੰਨਵਾਦ ਸਹਿਤ

ਭੁਪਿੰਦਰ ਸਿੰਘ
ਦਿ ਲਿਵਿੰਗ ਟਰੈਯਰ ਵਲੋਂ ਮਨੁੱਖਤਾ ਦੇ ਭਲੇ ਲਈ ਸਮਰਪਿਤ
ਫੋਨ ਨੰ.- 011-30950633
E-mail :- contact@thelivingtreasure.com
Website :- www.thelivingtreasure.org

ਨੋਟ:- ਇਹ ਨੁਕਤੇ ਭਾਵੇਂ ਸਿੱਖ ਘਰਾਨਿਆਂ ਨੂੰ ਮੱਦੇਨਜ਼ਰ ਰੱਖ ਕੇ ਲਿਖੇ ਗਏ ਹਨ ਪਰ ਕਿਸੇ ਵੀ ਧਰਮ ਦੇ ਮਨੁੱਖ, ਭਾਵੇਂ ਹਿੰਦੂ, ਮੁਸਲਮਾਨ, ਇਸਾਈ ਆਪਣੇ ਧਰਮ ਦੇ ਅਨੁਸਾਰ ਇਨ੍ਹਾਂ ਨੁਕਤਿਆਂ ਨੂੰ ਅਪਣਾ ਕੇ, ਆਪਣੇ ਘਰ ਨੂੰ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰਖਿਅਤ ਰੱਖ ਸਕਦੇ ਹਨ।